**ਭਾਰਤ ਅਤੇ ਪਾਕਿਸਤਾਨ ਨੇ ਕੀਤਾ ਪ੍ਰਮਾਣੂ ਸਥਾਪਨਾਵਾਂ ਦੀ ਸੂਚੀ ਦਾ ਵਟਾਂਦਰਾ**

01 ਜਨਵਰੀ 2025

ਭਾਰਤ ਅਤੇ ਪਾਕਿਸਤਾਨ ਨੇ ਅੱਜ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿੱਖੇ ਇੱਕੋ ਸਮੇਂ ਰਾਜਦੂਤਕ ਮਾਧਿਅਮ ਰਾਹੀਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਪ੍ਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਉੱਤੇ ਹਮਲੇ ਦੀ ਮਨਾਹੀ ਦੇ ਸਮਝੌਤੇ ਤਹਿਤ ਪ੍ਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਦੀ ਸੂਚੀ ਦਾ ਵਟਾਂਦਰਾ ਕੀਤਾ।

2. ਇਸ ਸਮਝੌਤੇ 'ਤੇ 31 ਦਸੰਬਰ, 1988 ਨੂੰ ਹਸਤਾਖਰ ਕੀਤੇ ਗਏ ਸਨ ਅਤੇ ਇਹ 27 ਜਨਵਰੀ 1991 ਨੂੰ ਲਾਗੂ ਹੋਇਆ ਸੀ. ਇਸ ਵਿੱਚ ਹੋਰਨਾਂ ਗੱਲਾਂ ਤੋਂ ਛੋਟ ਇਸ ਗੱਲ ਦਾ ਪ੍ਰਾਵਧਾਨ ਹੈ ਕਿ ਭਾਰਤ ਅਤੇ ਪਾਕਿਸਤਾਨ ਹਰ ਕਲੈਂਡਰ ਸਾਲ ਦੀ ਪਹਿਲੀ ਜਨਵਰੀ ਨੂੰ ਇਸ ਸਮਝੌਤੇ ਹੇਠ ਆਉਣ ਵਾਲੀਆਂ ਪ੍ਰਮਾਣੂ ਸਥਾਪਨਾਵਾਂ ਅਤੇ ਸਹੂਲਤਾਂ ਬਾਰੇ ਇੱਕ ਦੂਜੇ ਨੂੰ ਜਾਣਕਾਰੀ ਦੇਣਗੇ। ਇਹ ਦੋਵਾਂ ਦੇਸ਼ਾਂ ਵਿਚਕਾਰ ਅਜਿਹੀਆਂ ਸੂਚੀਆਂ ਦਾ ਹੋਇਆ ਲਗਾਤਾਰ 34ਵਾਂ ਵਟਾਂਦਰਾ ਹੈ, ਜੋ 1 ਜਨਵਰੀ, 1992 ਨੂੰ ਸ਼ੁਰੂ ਹੋਇਆ ਸੀ।

ਨਵੀਂ ਦਿੱਲੀ

01 ਜਨਵਰੀ 2025